# ਸੰਗੀਤ ਵਿੱਚ ਲੈਅ ਅਤੇ ਤਾਲ  ਦਾ ਮਹੱਤਵ

ਵਰਿੰਦਰ ਕੁਮਾਰ

ਸੰਗੀਤ ਵਿਭਾਗ

ਸਰਕਾਰੀ ਕਾਲਜ ਟਾਂਡਾ

# ਸੰਗੀਤ ਵਿੱਚ ਲੈਅ ਅਤੇ ਤਾਲ

ਤਾਲਸਤਲ ਪ੍ਰਤਿਸ਼ਠਾਯਾਮਿਤੀ ਧਾਤੋਧਰਮਿ ਸਮ੍ਰਤ ।
ਗੀਤੰ ਵਾਦੰ ਤਥਾ ਨ੍ਰਿਤੰ ਯਤਸਤਾਲੇ ਪ੍ਰਤਿਸ਼ਠਿਤਮ।।

# ਅਰਥਾਤ

ਸੰਗੀਤ ਰਤਨਾਕਰ ਗ੍ਰੰਥ ਦੇ ਉਪਰੋਕਤ ਸ਼ਲੋਕ ਅਨੁਸਾਰ ਗਾਇਨ, ਵਾਦਨ ਅਤੇ ਨ੍ਰਿਤ ਦੀ ਪ੍ਰਤਿਸ਼ਠਾ ਤਾਲ ਨਾਲ ਹੁੰਦੀ ਹੈ । ਅਰਥਾਤ ਬਿਨਾਂ ਤਾਲ ਦੇ ਗਾਉਣਾ ,ਵਜਾਉਣਾ ਫਿਕਾ ਲੱਗਦਾ ਹੈ । ਤਾਲ ਨਾਲ ਗਾਇਨ , ਵਾਦਨ ਵਿੱਚ ਜਾਨ ਪੈਂਦੀ ਹੈ ।

# ਲੈਅ ਦਾ ਮਹੱਤਵ

ਸਵਰ ਅਤੇ ਲੈਅ ਸੰਗੀਤ ਦੇ ਦੋ ਆਧਾਰ ਹਨ । ਸਵਰ ਦਾ ਆਧਾਰ ਸ਼ਰੁਤੀ ਅਤੇ ਤਾਲ ਦਾ ਆਧਾਰ ਲੈਅ ਹੈ ।

ਸ਼ਰੁਤੀ ਮਾਤਾ ਲੈਅ ਪਿਤਾ

ਸ਼ਰੁਤੀ ਜੇ ਮਾਤਾ ਦੇ ਸਮਾਨ ਹੈ ਤਾਂ ਲੈਅ ਪਿਤਾ ਦੇ ਸਮਾਨ ਹੈ ਅਰਥਾਤ ਦੋਹਾਂ ਦਾ ਸੰਗੀਤ ਵਿੱਚ ਵਿਸ਼ੇਸ਼ ਮਹੱਤਵ ਹੈ ।

# ਤਾਲ ਦਾ ਮਹੱਤਵ

ਸੰਗੀਤ ਵਿੱਚ ਕਾਲ ਦੀ ਨਿਯਮਿਤ ਗਤੀ ਜਾਂ ਲੈਅ ,ਤਾਲ ਨੂੰ ਜਨਮ ਦਿੰਦੀ ਹੈ । ਜਿਵੇਂ-

ਤਾਲ ਕਾਲ ਕ੍ਰਿਆ ਮਾਨਮ

ਅਰਥਾਤ ਸਮੇਂ ਦੇ ਮਾਪਣ ਨੂੰ ਤਾਲ ਕਿਹਾ ਹੈ ।

# ਸੰਗੀਤ ਵਿੱਚ ਤਾਲ

ਸੰਗੀਤ ਦਾ ਅਨੁਸ਼ਾਸ਼ਕ ਤਾਲ ਨੂੰ ਮੰਨਿਆ ਗਿਆ ਹੈ । ਤਾਲ ਦਾ ਨਿਰਧਾਰਨ ਹੋਣ ਨਾਲ ਗਾਇਕ ,ਵਾਦਕ ਇੱਕ ਮਰਿਯਾਦਾ ਵਿੱਚ ਬੰਨੇ ਜਾਂਦੇ ਹਨ ਅਤੇ ਉਹਨਾਂ ਲਈ ਤਾਲ ਦਾ ਨਿਰਵਾਹ ਕਰਨਾ ਜਰੂਰੀ ਹੁੰਦਾ ਹੈ । ਤਾਲ ਸੰਗੀਤ ਨੂੰ ਨਿਸ਼ਚਿਤ ਸਮੇਂ ਵਿੱਚ ਬੰਨ ਕੇ ਰੱਖਦੀ ਹੈ । ਤਾਲ ਹੀਣ ਬਿਖਰੇ ਸੰਗੀਤ ਵਿੱਚ ਸਾਰਥਿਕਤਾ ਨਹੀਂ ਹੁੰਦੀ ।

# ਤਾਲ

ਤਾਲ ਕਾਰਨ ਸੰਗੀਤ ਵਿੱਚ ਮਧੁਰਤਾ , ਰਸ ਆਦਿ ਦੀ ਅਨੁਭੂਤੀ ਹੁੰਦੀ ਹੈ ।

# ਇਨ੍ਹਾਂ ਦਾ ਸੰਗੀਤ ਵਿੱਚ ਸਥਾਨ

ਲੈਅ ਤੇ ਤਾਲ ਦਾ ਸੰਗੀਤ ਵਿੱਚ ਮਹੱਤਵਪੂਰਨ ਸਥਾਨ ਹੈ । ਸੰਗੀਤ ਇਨ੍ਹਾਂ ਤੋਂ ਬਿਨਾਂ ਅਧੂਰਾ ਹੈ । ਰਸ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇਂ ਤਾਂ ਇਨ੍ਹਾਂ ਦੋਹਾਂ ਪਹੀਆਂ ਤੋਂ ਬਿਨਾਂ ਸੰਗੀਤ ਦਾ ਰਸਮਈ ਅਤੇ ਪ੍ਰਭਾਵਮਈ ਹੋਣਾ ਅਸੰਭਵ ਹੈ ।

# ਧੰਨਵਾਦ

ਸੰਗੀਤ ਨੂੰ ਸਮਝਣ ਵਾਲੇ ਸੂਝਵਾਨ ਸਰੋਤਿਆਂ ਦਾ ਧੰਨਵਾਦ